# ਹਾਉਂਸਲੋ ਦੀ ਹਰਿਆਲੀ: ਤੁਹਾਡਾ ਘਰ, ਤੁਹਾਡੀ ਰਾਏ

**ਭੁਗਤਾਨ ਪ੍ਰਾਪਤ ਕਰਨ ਦਾ ਮੌਕਾ**

ਸਾਨੂੰ ਅਗਸਤ ਅਤੇ ਸਤੰਬਰ 2024 ਵਿੱਚ ਤਿੰਨ ਭੁਗਤਾਨ ਵਾਲੀਆਂ ਸੋਧ ਵਰਕਸ਼ਾਪਾਂ ਵਿੱਚ ਭਾਗ ਲੈਣ ਵਾਸਤੇ ਨਿਵਾਸੀਆਂ ਦੀ ਲੋੜ ਹੈ। ਅਸੀਂ ਤੁਹਾਡੇ ਘਰਾਂ ਅਤੇ ਤੁਹਾਡੇ ਗੁਆਂਢ ਵਿੱਚ ਜਨਤਕ ਥਾਂਵਾਂ ਨੂੰ ਹੋਰ ਬਿਹਤਰ, ਸਿਹਤਮੰਦ, ਹਰਿਆ-ਭਰਿਆ ਅਤੇ ਹੋਰ ਲਾਗਤ-ਪ੍ਰਭਾਵੀ ਬਣਾਉਣ ਬਾਰੇ ਤੁਹਾਡੀ ਰਾਏ ਜਾਣਨਾ ਚਾਹੁੰਦੇ ਹਾਂ - ਅਤੇ ਘਰਾਂ ਦੀ ਬਿਜਲੀ ਦੇ ਵੱਧ ਬਿਲਾਂ ਵਰਗੀਆਂ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਮਦਦ ਕਰਨਾ ਚਾਹੁੰਦੇ ਹਾਂ।

ਆਪਣੇ ਗੁਆਂਢ ਦੇ ਹੋਰ ਨਿਵਾਸੀਆਂ ਦੇ ਨਾਲ ਇਸ ਮਹੱਤਵਪੂਰਨ ਸੋਧ ਵਿੱਚ ਭਾਗ ਲਓ।
ਪਹਿਲਾਂ ਤੋਂ ਕਿਸੇ ਅਨੁਭਵ ਦੀ ਲੋੜ ਨਹੀਂ ਹੈ।

ਭਾਗੀਦਾਰੀ ਨੂੰ ਸੌਖਾ ਬਣਾਉਣ ਲਈ ਸਮਰਥਨ (ਮੁਫ਼ਤ ਬਾਲ ਦੇਖਭਾਲ ਸਮੇਤ) ਦੇ ਨਾਲ, ਲਗਾਈ ਜਾਣ ਵਾਲੀ ਹਰੇਕ ਵਰਕਸ਼ਾਪ ਲਈ £40 ਪ੍ਰਾਪਤ ਕਰੋ।

ਹੋਰ ਜਾਣੋ ਜਾਂ ਅੱਜ ਹੀ ਸਾਈਨ ਅੱਪ ਕਰੋ
QR ਕੋਡ ਸਕੈਨ ਕਰੋ
ਇਸ 'ਤੇ ਜਾਓ: youngfoundation.org/Hounslow
ਸਾਨੂੰ ਈਮੇਲ ਕਰੋ: research@youngfoundation.org
ਸਾਨੂੰ ਕਾਲ ਕਰੋ: 0800 118 2168

ਇਹ ਸੋਧ ਇੰਸਟੀਚਿਊਟ ਫਾਰ ਕਮਿਊਨਿਟੀ ਸਟੱਡੀਜ਼ (nstitute for Community Studies) ਦੁਆਰਾ ਲਿਵਿੰਗ ਪਲੇਸਿਜ਼ (Living Places) ਅਤੇ ਡਾਰਕ ਮੈਟਰ ਲੈਬਸ (Dark Matter Labs) ਦੇ ਸਹਿਯੋਗ ਨਾਲ ਦ ਯੰਗ ਫਾਊਂਡੇਸ਼ਨ (The Young Foundation) ਵਿਖੇ ਕਰਵਾਇਆ ਜਾ ਰਿਹਾ ਹੈ ਅਤੇ ਇਸ ਲਈ ਫੰਡ ਲੰਡਨ ਬੋਰੋ ਆਫ਼ ਹਾਉਂਸਲੋ (London Borough of Hounslow) ਦੁਆਰਾ ਦਿੱਤਾ ਗਿਆ ਹੈ।

**ਵਧੇਰੇ ਜਾਣਕਾਰੀ**



The Young Foundation is a registered charity in England and Wales. Our charity number is 274345. We are also a company limited by guarantee. Our company number is 1319183.

Institute for Community Studies

Powered by The Young Foundation

## ਇਹ ਪ੍ਰੋਜੈਕਟ ਕਿਸ ਬਾਰੇ ਹੈ?

ਅਸੀਂ ਉਹ ਤਬਦੀਲੀਆਂ ਖੋਜ ਰਹੇ ਹਾਂ ਜਿਨ੍ਹਾਂ ਨਾਲ ਤੁਹਾਡੀ ਸਥਾਨਕ ਕੌਂਸਲ ਨਿਵਾਸੀਆਂ ਲਈ ਉਨ੍ਹਾਂ ਦੇ ਘਰਾਂ ਅਤੇ ਗੁਆਂਢ ਨੂੰ ਹੋਰ ਸਿਹਤਮੰਦ ਅਤੇ ਹੋਰ ਆਰਾਮਦਾਇਕ ਬਣਾ ਸਕਦੀ ਹੈ। ਇਨ੍ਹਾਂ ਤਬਦੀਲੀਆਂ ਵਿੱਚ ਘਰਾਂ ਨੂੰ ਊਰਜਾ ਦੀ ਹੋਰ ਬੱਚਤ ਕਰਨ ਦੇ ਸਮਰੱਥ ਬਣਾਉਣਾ, ਜਾਂ ਬਿਹਤਰ ਸੰਪਰਕ ਵਾਲੀਆਂ ਅਤੇ ਹਰੀਆਂ-ਭਰੀਆਂ ਸੜਕਾਂ ਬਣਾਉਣਾ ਸ਼ਾਮਲ ਹੈ। ਤੁਹਾਡੀ ਭਾਗੀਦਾਰੀ ਇਸ ਮਹੱਤਵਪੂਰਨ ਸੋਧ ਨੂੰ ਸਫ਼ਲ ਬਣਾਉਣ ਵਿੱਚ ਮਦਦ ਕਰੇਗੀ।

ਊਰਜਾ ਦੀ ਖ਼ਪਤ ਬਾਰੇ ਅਤੇ ਇਸਦੇ ਵਾਤਾਵਰਨ ਨਾਲ ਸੰਬੰਧ, ਸਿਹਤਮੰਦ ਘਰ ਅਤੇ ਰਹਿਣ-ਸਹਿਣ ਦੇ ਖ਼ਰਚੇ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇਸ ਸਾਈਟ 'ਤੇ ਜਾਓ:

https://www.hounslow.gov.uk/enlighten-hounslow

## ਇਨ੍ਹਾਂ ਵਰਕਸ਼ਾਪਾਂ ਵਿੱਚ ਕੀ ਕੁੱਝ ਸ਼ਾਮਲ ਹੋਵੇਗਾ?

ਅਸੀਂ ਚਰਚਾ ਕਰਾਂਗੇ ਕਿ ਤੁਹਾਡਾ ਪਰਿਵਾਰ ਅਤੇ ਭਾਈਚਾਰਾ ਬਦਲਾਅ ਲਈ ਕਿਵੇਂ ਪ੍ਰਤਿਕਿਰਿਆ ਕਰ ਰਿਹਾ ਹੈ, ਅਤੇ ਕੀ ਤੁਸੀਂ ਨਵੀਆਂ ਸਥਾਨਕ ਯੋਜਨਾਵਾਂ ਨੂੰ ਅਮਲ ਵਿੱਚ ਲਿਆਉਣ ਲਈ ਆਪਣਾ ਯੋਗਦਾਨ ਦੇਣਾ ਚਾਹੋਗੇ। ਭਾਗੀਦਾਰੀ ਨੂੰ ਸੌਖਾ ਬਣਾਉਣ ਲਈ ਅਸੀਂ ਲੋਕਾਂ ਦੀ ਮਦਦ ਕਰਨ ਵਾਸਤੇ ਉਨ੍ਹਾਂ ਨੂੰ ਸਮਰਥਨ ਦਿਆਂਗੇ ਜਿਵੇਂ ਕਿ ਦੇਖਭਾਲ ਦੀਆਂ ਜ਼ਿੰਮੇਵਾਰੀਆਂ ਵਿੱਚ ਮਦਦ ਕਰਨਾ, ਆਉਣ-ਜਾਣ ਦਾ ਖ਼ਰਚਾ ਕਵਰ ਕਰਨਾ ਜਾਂ ਹੋਰ ਪ੍ਰਬੰਧ ਕਰਨਾ।

## ਤੁਸੀਂ ਮੇਰੇ ਨਾਲ ਸੰਪਰਕ ਕਿਉਂ ਕਰ ਰਹੇ ਹੋ?

ਅਸੀਂ ਇਸ ਗੁਆਂਢ ਵਿੱਚ ਲੋਕਾਂ ਨਾਲ ਕੰਮ ਕਰਨਾ ਚਾਹੁੰਦੇ ਹਾਂ ਤਾਂ ਕਿ ਇਹ ਸਮਝ ਸਕੀਏ ਕਿ ਇਹ ਬਦਲਾਅ ਉਨ੍ਹਾਂ ਲਈ ਕੀ ਮਾਇਨੇ ਰੱਖਦੇ ਹਨ। ਰੌਇਲ ਮੇਲ ਪੋਸਟਕੋਡ ਡੇਟਾਬੇਸ ਵਿੱਚੋਂ ਤੁਹਾਡਾ ਪਤਾ ਬੇਤਰਤੀਬੀ ਤੌਰ 'ਤੇ ਚੁਣਿਆ ਗਿਆ ਹੈ। ਸਾਡੇ ਕੋਲ ਤੁਹਾਡੇ ਕੋਈ ਨਿੱਜੀ ਵੇਰਵੇ ਨਹੀਂ ਹਨ। ਭਾਗ ਲੈਣ ਜਾਂ ਨਾ ਲੈਣ ਦੀ ਤੁਹਾਡੀ ਮਰਜ਼ੀ ਹੈ ਅਤੇ ਅਸੀਂ ਤੁਹਾਨੂੰ ਦੁਬਾਰਾ ਸੰਪਰਕ ਨਹੀਂ ਕਰਾਂਗੇ।

## ਸਾਈਨ ਅੱਪ ਕਰਨ ਤੋਂ ਬਾਅਦ ਕੀ ਹੋਵੇਗਾ?

ਸਾਈਨ ਅੱਪ ਕਰਨ ਤੋਂ ਬਾਅਦ ਤੁਹਾਨੂੰ ਪ੍ਰੋਜੈਕਟ ਬਾਰੇ ਤੁਹਾਡੇ ਨਾਲ ਥੋੜ੍ਹੇ ਸਮੇਂ ਲਈ ਇੱਕ ਕਾਲ ਕਰਾਂਗੇ। ਇਸ ਤੋਂ ਬਾਅਦ, ਅਸੀਂ ਤੁਹਾਨੂੰ ਦੱਸਾਂਗੇ ਕਿ ਤੁਹਾਨੂੰ ਇਨ੍ਹਾਂ ਵਰਕਸ਼ਾਪਾਂ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾਵੇਗਾ ਜਾਂ ਨਹੀਂ। ਵਿਵਿਧ ਗਰੁੱਪ ਨੂੰ ਯਕੀਨੀ ਬਣਾਉਣ ਲਈ ਵੱਖੋ-ਵੱਖਰੇ ਪਿਛੋਕੜਾਂ ਅਤੇ ਹਾਲਾਤਾਂ ਦੇ ਅਧਾਰ 'ਤੇ ਭਾਗੀਦਾਰਾਂ ਨੂੰ ਚੁਣਿਆ ਜਾਵੇਗਾ।



The Young Foundation is a registered charity in England and Wales. Our charity number is 274345. We are also a company limited by guarantee. Our company number is 1319183.

**ਭਾਗ ਲੈਣ ਨਾਲ ਮੈਨੂੰ ਕੀ ਫਾਇਦਾ ਹੋਵੇਗਾ?**

ਤੁਹਾਡੇ ਦੁਆਰਾ ਲਗਾਈ ਜਾਣ ਵਾਲੀ ਹਰੇਕ ਵਰਕਸ਼ਾਪ ਲਈ ਤੁਹਾਨੂੰ £40 ਮਿਲਣਗੇ, ਜੋ ਕਿ ਆਮ ਤੌਰ 'ਤੇ ਆਨਲਾਈਨ ਭੁਗਤਾਨ ਸਿਸਟਮ ਰਾਹੀਂ, ਜਿਵੇਂ ਕਿ Paypal ਦੁਆਰਾ ਜਾਂ ਵਾਊਚਰ ਦੇ ਰੂਪ ਵਿੱਚ ਸਿੱਧਾ ਤੁਹਾਡੇ ਖਾਤੇ ਵਿੱਚ ਟ੍ਰਾਂਸਫਰ ਕੀਤੇ ਜਾਂਦੇ ਹਨ। ਜੇਕਰ ਤੁਸੀਂ ਸਰਕਾਰ ਤੋਂ ਲਾਭਾਂ ਜਾਂ ਕੋਈ ਹੋਰ ਆਰਥਿਕ ਸਹਾਇਤਾ ਦਾ ਦਾਅਵਾ ਕਰਦੇ ਹੋ, ਤਾਂ ਇਸ ਨਾਲ ਤੁਹਾਡੇ ਦਾਅਵੇ ਉੱਤੇ ਕੋਈ ਪ੍ਰਭਾਵ ਨਹੀਂ ਪਏਗਾ।

**ਇਹ ਸੋਧ ਕੌਣ ਕਰਵਾ ਰਿਹਾ ਹੈ?**

ਇੰਸਟੀਚਿਊਟ ਫਾਰ ਕਮਿਊਨਿਟੀ ਸਟੱਡੀਜ਼ (The Institute for Community Studies) ਦੁਆਰਾ ਦ ਯੰਗ ਫਾਊਂਡੇਸ਼ਨ (The Young Foundation) ਵਿਖੇ, (youngfoundation.org/institute-for-community-studies), ਜੋ ਕਿ ਭਾਈਚਾਰਿਆਂ ਦਾ ਸਮਰਥਨ ਕਰਨ ਵਾਲੀ ਇੱਕ ਰਾਸ਼ਟਰੀ ਸੁਤੰਤਰ ਚੈਰਿਟੀ ਹੈ। ਇਹ ਸੋਧ ਕਾਰਜ ਸਥਾਨ-ਅਧਾਰਿਤ ਸਮਾਜਕ, ਪਰਿਆਵਰਨਕ ਅਤੇ ਆਰਥਿਕ ਵਿਕਾਸ ਵਿੱਚ ਵਾਧਾ ਕਰਨ ਲਈ ਕੰਮ ਕਰਨ ਵਾਲੇ ਇੱਕ ਮਿਸ਼ਨ-ਸੰਚਾਲਤ ਸਮਾਜਕ ਉੱਦਮ, ਲਿਵਿੰਗ ਪਲੇਸਿਜ਼ (Living Places), ਅਤੇ ਦੁਨੀਆਂ ਭਰ ਵਿੱਚ ਭਾਈਚਾਰਾ-ਅਧਾਰਿਤ ਅਰਥਚਾਰਿਆਂ ਲਈ ਕੰਮ ਕਰਨ ਵਾਲੇ ਇੱਕ ਸੰਗਠਨ, ਡਾਰਕ ਮੈਟਰ ਲੈਬਸ (Dark Matter Labs) ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਕਾਰਜ ਲਈ ਫੰਡ ਲੰਡਨ ਬੋਰੋ ਆਫ਼ ਹਾਉਂਸਲੋ (London Borough of Hounslow) ਦੁਆਰਾ ਦਿੱਤਾ ਜਾ ਰਿਹਾ ਹੈ।

ਜੇਕਰ ਤੁਹਾਨੂੰ ਕੋਈ ਵੀ ਸਵਾਲ ਹੈ, ਤਾਂ ਕਿਰਪਾ ਕਰਕੇ ਪਹਿਲੇ ਪੰਨੇ 'ਤੇ ਦਿੱਤੇ ਸੰਪਰਕ ਵੇਰਵਿਆਂ ਰਾਹੀਂ ਸਾਡੇ ਸੰਪਰਕ ਵਿੱਚ ਰਹੋ।



The Young Foundation is a registered charity in England and Wales. Our charity number is 274345. We are also a company limited by guarantee. Our company number is 1319183.